Halton District School Board

Punjabi

ਨਵੰਬਰ 15, 2021

**ਪੜ੍ਹਾਈ ਦੇ ਮਾਡਲਾਂ (ਨਿਜੀ ਹਾਜ਼ਰੀ/ਦੂਰੀ ਤੋਂ) ਵਿੱਚ ਅਦਲਾ-ਬਦਲੀ ਬਾਰੇ ਜਾਣਕਾਰੀ**

HDSB ਦੇ ਸੈਕੰਡਰੀ ਦੇ ਵਿਦਿਆਰਥੀਆਂ (ਗ੍ਰੇਡ 9-12) ਦੇ ਪਿਆਰੇ ਪਰਿਵਾਰ,

ਅਸੀਂ ਇਹ ਪੱਤਰ ਸੈਕੰਡਰੀ ਵਿਦਿਆਰਥੀਆਂ ਦੇ ਉਹਨਾਂ ਪਰਿਵਾਰਾਂ ਦੀ ਜਾਣਕਾਰੀ ਲਈ ਲਿਖ ਰਹੇ ਹਾਂ ਜੋ ਸਮੈਸਟਰ 2 ਵਿੱਚ (7 ਫਰਵਰੀ 2022 ਤੋਂ) ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ (ਯਾਨੀ ਨਿਜੀ ਹਾਜ਼ਰੀ ਦੀ ਥਾਂ 'ਤੇ ਦੂਰੀ/ਪੂਰੀ ਤਰ੍ਹਾਂ ਆਨਲਾਈਨ ਜਾਂ ਦੂਰੀ/ਪੂਰੀ ਤਰ੍ਹਾਂ ਆਨਲਾਈਨ ਦੀ ਥਾਂ 'ਤੇ ਨਿਜੀ ਹਾਜ਼ਰੀ) ਕਰਨਾ ਚਾਹੁੰਦੇ ਹਨ।

ਜੋ ਪਰਿਵਾਰ ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ ਕਰਨਾ ਚਾਹੁੰਦੇ ਹਨ ਉਹਨਾਂ ਲਈ ਸਮੇਂ ਦੀਆਂ ਹੇਠਲੀਆਂ ਸੀਮਾਵਾਂ ਮੁਤਾਬਕ *ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ ਲਈ ਫਾਰਮ* ਭਰਨਾ ਜ਼ਰੂਰੀ ਹੈ:

**ਸੈਕੰਡਰੀ ਦੇ ਵਿਦਿਆਰਥੀ (ਗ੍ਰੇਡ 9-12):**

- **ਸੋਮਵਾਰ, ਨਵੰਬਰ 22, 2021** – ਸੈਕੰਡਰੀ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਫਾਰਮ ਭੇਜਣਾ
- **ਬੁੱਧਵਾਰ, ਦਸੰਬਰ 1, 2021 (ਰਾਤ 11:59 ਵਜੇ ਤੱਕ)** – ਫਾਰਮ ਜਮ੍ਹਾ ਕਰਾਉਣ ਦੀ ਅੰਤਮ ਮਿਤੀ
- **ਸੋਮਵਾਰ, ਫਰਵਰੀ 7, 2022** – ਨਵੇਂ ਮਾਡਲ ਮੁਤਾਬਕ ਪੜ੍ਹਾਈ ਸ਼ੁਰੂ

ਮਾਡਲ ਬਦਲਣ ਦੀ ਮਿਤੀ 7 ਫਰਵਰੀ 2022 ਤੱਕ ਵਿਦਿਆਰਥੀਆਂ ਤੋਂ ਮੌਜੂਦਾ ਮਾਡਲ ਵਿੱਚ ਪੜ੍ਹਾਈ ਜਾਰੀ ਰੱਖਣ ਦੀ ਆਸ ਕੀਤੀ ਜਾਂਦੀ ਹੈ।

**ਸੋਮਵਾਰ, 22 ਨਵੰਬਰ ਨੂੰ *ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ ਲਈ ਫਾਰਮ* ਸੈਕੰਡਰੀ ਵਿਦਿਆਰਥੀਆਂ ਦੇ ਮਾਪਿਆਂ/ਨਿਗਰਾਨਾਂ ਨੂੰ ਅਤੇ 18 ਸਾਲ ਜਾਂ ਵੱਧ ਉਮਰ ਵਾਲੇ ਵਿਦਿਆਰਥੀਆਂ ਨੂੰ ਈਮੇਲ ਰਾਹੀਂ ਭੇਜ ਦਿੱਤਾ ਜਾਏਗਾ।**

ਤੁਹਾਨੂੰ ਭੇਜਿਆ ਗਿਆ ਫਾਰਮ **ਸਿਰਫ** ਉਹਨਾਂ ਪਰਿਵਾਰਾਂ ਲਈ ਹੈ ਜੋ ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ ਕਰਨਾ ਚਾਹੁੰਦੇ ਹਨ। ਜੇ ਤੁਸੀਂ ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ ਨਹੀਂ ਚਾਹੁੰਦੇ ਹੋ ਤਾਂ ਇਸ ਫਾਰਮ ਨੂੰ **ਨਾ ਭਰੋ**।

**ਹੋਰ ਜਾਣਕਾਰੀ**

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ। ਪੜ੍ਹਾਈ ਦੇ ਦੋ ਮਾਡਲਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ September 2021 Plan website 'ਤੇ *ਅਕਸਰ ਪੁੱਛੇ ਜਾਣ ਵਾਲੇ ਸਵਾਲ* (FAQs) ਦੇਖੋ।

HDSB ਦੀ ਵੈਬਸਾਈਟ, SchoolMessenger ਈਮੇਲਾਂ ਅਤੇ ਸੋਸ਼ਲ ਮੀਡਿਆ (Twitter, Facebook, Instagram) ਰਾਹੀਂ ਅਸੀਂ ਤੁਹਾਨੂੰ ਜਾਣਕਾਰੀ ਦੇਣਾ ਜਾਰੀ ਰੱਖਾਂਗੇ।

**ਨੋਟ:** ਇਹ ਸੁਨੇਹਾ Gary Allan Learning Centre ਦੇ ਵਿਦਿਆਰਥੀਆਂ ਲਈ ਨਹੀਂ ਹੈ। ਇਹਨਾਂ ਵਿਦਿਆਰਥੀਆਂ/ਪਰਿਵਾਰਾਂ ਨੂੰ ਸੁਨੇਹਾ ਸਿੱਧਾ Gary Allan Learning Centres ਦੇ ਮੁੱਖ ਆਫਿਸ ਵੱਲੋਂ ਆਏਗਾ।